# ਵੇਦਾਂਤਾ ਕੰਪਨੀ ਨੇ ਚਾਰ ਸਕੂਲਾਂ ਦੇ ਬੱਚਿਆਂ ਨੂੰ ਛੁੱਟੀਆਂ 'ਚ ਪੜ੍ਹਾਉਣ ਦਾ ਬੀੜਾ ਚੁੱਕਿਆ

ਮਾਨਸਾ (ਨਿਰੰਜਨ ਸਿੰਘ ਮਾਨ)

ਬੇਸ਼ੱਕ ਪੰਜਾਬ ਸਰਕਾਰ ਨੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ 1 ਜੂਨ ਤੋਂ ਗਰਮੀ ਦੀਆਂ ਛੁੱਟੀਆਂ ਕਰ ਦਿੱਤੀਆਂ ਹਨ, ਪਰ ਮਾਨਸਾ ਜ਼ਿਲ੍ਹੇ ਦੇ ਚਾਰ ਸਰਕਾਰੀ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਇਨ੍ਹਾਂ ਛੁੱਟੀਆਂ ਦੌਰਾਨ ਵੀ ਪੜ੍ਹਾਈ ਕਰਵਾਈ ਜਾਇਆ ਕਰੇਗੀ। ਇਹਨਾਂ ਬੱਚਿਆਂ ਵਿਚ ਜ਼ਿਆਦਾਤਰ ਵਿਦਿਆਰਥੀ ਨੌਵੀਂ ਅਤੇ ਦਸਵੀਂ ਕਲਾਸਾਂ ਦੇ ਹਨ, ਜਦੋਂ ਕਿ ਛੇਵੀਂ ਤੋਂ ਲੈ ਕੇ ਅੱਠਵੀਂ ਤੱਕ ਦੇ ਵਿਦਿਆਰਥੀ ਵੀ ਆਪਣੀ ਪੜ੍ਹਾਈ ਨੂੰ ਸਬੰਧਤ ਸਕੂਲਾਂ ਵਿਚ ਜਾ ਕੇ ਕਾਇਮ ਰੱਖ ਸਕਦੇ ਹਨ। ਛੁੱਟੀਆਂ ਦੌਰਾਨ ਪੜ੍ਹਾਈ ਕਰਵਾਉਣ ਦਾ ਇਹ ਉਪਰਾਲਾ ਮਾਨਸਾ ਜ਼ਿਲ੍ਹੇ ਵਿਚ ਬਣਾਂਵਾਲਾ ਵਿਖੇ ਲੱਗੇ ਉੱਤਰੀ ਭਾਰਤ ਦੇ ਪ੍ਰਾਈਵੇਟ ਸੈਕਟਰ ਵਾਲੇ ਸਭ ਤੋਂ ਵੱਡੇ ਥਰਮਲ ਪਲਾਂਟ ਤਲਵੰਡੀ ਸਾਬੋ ਪਾਵਰ ਲਿਮਟਿਡ ਵਲੋਂ ਕੀਤਾ ਗਿਆ ਹੈ।

ਥਰਮਲ ਨੇ ਆਪਣੇ ਅਪਣਾਏ ਹੋਏ ਪਿੰਡਾਂ 'ਚੋਂ ਜਿਹੜੇ ਚਾਰ ਸਕੂਲਾਂ ਵਿਚ ਇਹ ਪੜ੍ਹਾਈ ਕਰਵਾਉਣ ਦਾ ਯਤਨ ਕੀਤਾ ਗਿਆ ਹੈ, ਉਨ੍ਹਾਂ ਵਿਚ ਪਿੰਡ ਜੋੜਕੀਆਂ, ਰਾਏਪੁਰ, ਟਾਂਡੀਆਂ ਅਤੇ ਚਹਿਲਾਂਵਾਲਾ ਸ਼ਾਮਲ ਹਨ।

ਥਰਮਲ ਨੂੰ ਉਸਾਰ ਰਹੀ ਕੰਪਨੀ ਵੇਦਾਂਤਾ ਵੱਲੋਂ ਇਨ੍ਹਾਂ ਚਾਰੇ ਪਿੰਡਾਂ ਦੇ ਸਕੂਲਾਂ ਵਿਚ ਪਹਿਲੀ ਅਪਰੈਲ ਤੋਂ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੂੰ ਆਪਣੇ ਕੋਲੋਂ ਤਨਖਾਹ ਦੇ ਕੇ ਰੱਖੇ ਦੋ-ਦੋ ਟੀਚਰ ਵਿਸ਼ੇਸ਼ ਟਰੇਨਿੰਗ ਦੇਣ ਲੱਗੇ ਹਨ ਅਤੇ ਇਹੋ ਟੀਚਰ ਹੀ ਹੁਣ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਉਨ੍ਹਾਂ ਦੀ ਵਿਸ਼ੇਸ਼ ਕੌਂਸਲਿੰਗ ਕਰਕੇ ਮਨੋਬਲ ਨੂੰ ਉੱਚਾ ਚੁੱਕਣ ਲੱਗੇ ਹਨ ਤਾਂ ਜੋ ਦਿਹਾਤੀ ਖੇਤਰ ਦੇ ਇਹ ਬੱਚੇ ਸ਼ਹਿਰੀ ਵਿਦਿਆਰਥੀਆਂ ਦਾ ਡਟ ਕੇ ਮੁਕਾਬਲਾ ਕਰ ਸਕਣ।

ਵੇਦਾਂਤਾ ਕੰਪਨੀ ਦੇ ਇਕ ਉੱਚ ਅਧਿਕਾਰੀ ਕਮਾਂਡਰ ਪੀ. ਸੀ ਦਾਸ ਨੇ ਦੱਸਿਆ ਕਿ ਕੰਪਨੀ ਵੱਲੋਂ ਆਪਣੇ ਨੇੜਲੇ ਪਿੰਡਾਂ ਨੂੰ ਵਿਕਾਸ ਪੱਖੋਂ ਉੱਚਾ ਚੁੱਕਣ ਲਈ ਅਪਣਾਇਆ ਹੋਇਆ ਹੈ, ਜਿਸ ਤਹਿਤ ਆਪਣੇ ਪਿੰਡਾਂ ਦੇ ਨੌਵੀਂ-ਦਸਵੀਂ ਦੇ ਵਿਦਿਆਰਥੀਆਂ ਹਰ ਖੇਤਰ ਵਿਚ ਅੱਗੇ ਲਿਜਾਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਮਾਨਸਾ ਦੇ ਡਿਪਟੀ ਕਮਿਸ਼ਨਰ ਅਮਿਤ ਢਾਕਾ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਹਰਬੰਸ ਸਿੰਘ ਸੰਧੂ ਨਾਲ ਕੀਤੀ ਇਕ ਮੀਟਿੰਗ ਤੋਂ ਪਿੱਛੋਂ ਕੰਪਨੀ ਨੇ ਆਪਣੇ ਪਾਸੋਂ 8 ਬੇਰੁਜ਼ਗਾਰ ਅਧਿਆਪਕਾਂ ਨੂੰ ਰੁਜ਼ਗਾਰ ਦੇ ਕੇ ਇਨ੍ਹਾਂ ਬੱਚਿਆਂ ਦੀ ਵਿਸ਼ੇਸ਼ ਪੜ੍ਹਾਈ ਕਰਵਾਉਣ ਦਾ ਯਤਨ ਆਰੰਭਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੰਪਨੀ ਇਹ ਮਹਿਸੂਸ ਕਰਦੀ ਹੈ ਕਿ ਇਸ ਪਛੜੇ ਖੇਤਰ 'ਚ ਬੱਚਿਆਂ ਨੂੰ ਵਿਸ਼ੇਸ਼ ਟਰੇਨਿੰਗ ਦੇ ਕੇ ਅੱਗੇ ਲਿਜਾਇਆ ਜਾ ਸਕਦਾ ਹੈ।

ਮਾਨਸਾ ਦੇ ਡਿਪਟੀ ਕਮਿਸ਼ਨਰ ਅਮਿਤ ਢਾਕਾ ਨੇ ਛੁੱਟੀਆਂ ਦੇ ਦਿਨਾਂ ਦੌਰਾਨ ਬੱਚਿਆਂ ਨੂੰ ਪੜ੍ਹਾਉਣ ਦੇ ਕੀਤੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਕ ਮਹੀਨੇ ਦੇ ਇਸ ਛੁੱਟੀਆਂ ਵਾਲੇ ਵਕਫੇ ਦੌਰਾਨ ਬੱਚੇ ਅਧਿਆਪਕਾਂ ਤੋਂ ਪੜ੍ਹ ਕੇ ਆਪਣੇ ਪਿੱਛੇ ਰਹਿਣ ਦੇ ਲੱਗ ਰਹੇ ਦਾਗ ਨੂੰ ਵੀ ਉਤਾਰਨਗੇ।